**ਪ੍ਰੈਸ ਨੋਟ-1**

**1/24228/2020**

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫ਼ਾਜਿਲਕਾ

ਪੰਜਾਬ ਸਰਕਾਰ ਵੱਲੋਂ ਇਕ ਹੋਰ ਅਹਿਮ ਐਡਵਾਇਜ਼ਰੀ ਜਾਰੀ

- ਅੰਤਰ-ਰਾਜੀ ਅਤੇ ਰਾਜ ਅੰਦਰ ਸਫਰ ਕਰਨ ਵਾਲੇ ਲੋਕਾਂ ਨੂੰ ਜ਼ਰੂਰੀ ਅਹਿਤਿਆਤ ਵਰਤਣ ਦੀ ਸਲਾਹ

ਫ਼ਾਜਿਲਕਾ, 13 ਮਈ:

ਪੰਜਾਬ ਸਰਕਾਰ ਵੱਲੋਂ ਅੰਤਰ-ਰਾਜੀ ਅਤੇ ਰਾਜ ਅੰਦਰ ਸਮੇਂ-ਸਮੇਂ 'ਤੇ ਸਫਰ ਕਰਨ ਵਾਲੇ ਲੋਕਾਂ ਨੂੰ ਜ਼ਰੂਰੀ ਅਹਿਤਿਆਤ ਵਰਤਣ ਦੀ ਸਲਾਹ ਦਿੱਤੀ ਗਈ ਹੈ ਤਾਂ ਜੋ ਕੋਰੋਨਾ ਵਾਇਰਸ ਤੋਂ ਬਚਾਅ ਕੀਤਾ ਜਾ ਸਕੇ।

ਡਿਪਟੀ ਕਮਿਸ਼ਨਰ ਸ. ਅਰਵਿੰਦ ਪਾਲ ਸਿੰਘ ਸੱਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕੋਵਿਡ-19 ਮਹਾਂਮਾਰੀ ਦੌਰਾਨ ਲੋਕਾਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਸਾਰੇ 22 ਜ਼ਿਲ੍ਹਿਆਂ ਵਿੱਚ ਕਰਫਿਊ ਲਗਾ ਕੇ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਲੋਕਾਂ ਦੇ ਬਾਹਰ ਘੁੰਮਣ 'ਤੇ ਸਖ਼ਤ ਪਾਬੰਦੀਆਂ ਲਗਾਈਆਂ ਗਈਆਂ ਹਨ। ਹਾਲਾਂਕਿ ਸਰਕਾਰ ਵੱਲੋਂ ਕੁਝ ਜ਼ਰੂਰੀ ਗਤੀਵਿਧੀਆਂ ਅਤੇ ਜ਼ਰੂਰੀ ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਆਉਣ-ਜਾਣ ਦੀ ਮੰਜ਼ੂਰੀ ਦਿੱਤੀ ਗਈ ਹੈ ਤਾਂ ਜੋ ਲੋੜੀਂਦੀਆਂ ਗਤੀਵਿਧੀਆਂ ਦੀ ਸਹੀ ਢੰਗ ਨਾਲ ਕਾਰਜਸ਼ੀਲਤਾ ਨੂੰ ਯਕੀਨੀ ਬਣਾਇਆ ਜਾ ਸਕੇ। ਜਾਰੀ ਕੀਤੀ ਗਈ ਸਲਾਹ ਅਨੁਸਾਰ ਜੇਕਰ ਸੰਭਵ ਹੋਵੇ ਤਾਂ ਲੋਕਾਂ ਨੂੰ ਸਫ਼ਰ ਤੋਂ ਪਰਹੇਜ਼ ਕਰਨ ਦੀ ਅਪੀਲ ਕੀਤੀ ਗਈ ਹੈ। ਜੇਕਰ ਸਫ਼ਰ ਕਰਨਾ ਜ਼ਰੂਰੀ ਹੋਵੇ ਤਾਂ ਬਿਨਾਂ ਕੰਮ ਤੋਂ ਇਧਰ-ਉਧਰ ਨਾ ਘੁੰਮਿਆ ਜਾਵੇ ਅਤੇ ਗਰੁੱਪਾਂ/ਜ਼ਿਆਦਾ ਗਿਣਤੀ ਵਿੱਚ ਇਕੱਠੇ ਨਾ ਹੋਇਆ ਜਾਵੇ। ਸਫ਼ਰ ਕਰਨ ਵਾਲੇ ਵਿਅਕਤੀ ਵੱਲੋਂ ਸਫ਼ਰ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਉਹ ਗ੍ਰਹਿ ਵਿਭਾਗ, ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਛੋਟ ਵਾਲੀ ਕੈਟੇਗਰੀ ਵਿੱਚ ਆਉਂਦੇ ਹਨ ਜਾਂ ਉਨ੍ਹਾਂ ਕੋਲ ਸਫ਼ਰ ਕਰਨ ਲਈ ਜ਼ਰੂਰੀ ਮੰਜ਼ੂਰੀ ਹੈ। ਹਾਲਾਂਕਿ ਛੂਟ ਦਿੱਤੀ ਗਈ ਕੈਟੇਗਰੀ ਦੇ ਮਾਮਲੇ ਵਿੱਚ ਵੀ ਸਫਰ ਕਰਨ ਵਾਲੇ ਵਿਅਕਤੀ ਕੋਲ ਸਰਕਾਰ ਵੱਲੋਂ ਦੱਸੇ ਗਏ ਜ਼ਰੂਰੀ ਦਸਤਾਵੇਜ਼ ਹਰ ਸਮੇਂ ਤਿਆਰ ਹੋਣੇ ਚਾਹੀਦੇ ਹਨ।

ਬੁਖ਼ਾਰ/ਜ਼ੁਕਾਮ/ਖੰਘ/ਸਾਹ ਲੈਣ ਵਿੱਚ ਤਕਲੀਫ ਹੋਵੇ ਤਾਂ ਸਫਰ ਕਰਨ ਤੋਂ ਪਰਹੇਜ਼ ਕੀਤਾ ਜਾਵੇ। ਅਜਿਹੇ ਵਿਅਕਤੀ ਵੱਲੋਂ ਤੁਰੰਤ ਨਜ਼ਦੀਕੀ ਸਿਹਤ ਸੁਵਿਧਾ ਨਾਲ ਸੰਪਰਕ ਕੀਤਾ ਜਾਵੇ।

ਇਸ ਤੋਂ ਇਲਾਵਾ ਸਫਰ ਕਰ ਰਹੇ ਵਿਅਕਤੀ ਵੱਲੋਂ ਹਰ ਸਮੇਂ ਸਰਕਾਰ ਵੱਲੋਂ ਦੱਸੇ ਗਏ ਆਪਸੀ ਦੂਰੀ ਦੇ ਨਿਯਮਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ। ਜਿਵੇਂ ਕਿ ਹਰ ਦੂਜੇ ਵਿਅਕਤੀ ਤੋਂ ਘੱਟੋ-ਘੱਟ 1 ਮੀਟਰ ਦੀ ਦੂਰੀ ਬਣਾ ਕੇ ਰੱਖੀ ਜਾਵੇ। ਚਾਰ ਪਹੀਆ ਵਾਹਨਾਂ ਵਿੱਚ ਡਰਾਇਵਰ ਦੇ ਨਾਲ ਸਿਰਫ 2 ਲੋਕਾਂ ਨੂੰ ਸਫਰ ਕਰਨ ਦੀ ਮੰਜ਼ੂਰੀ ਹੈ ਤਾਂ ਜੋ ਉਚਿਤ ਆਪਸੀ ਦੂਰੀ ਯਕੀਨੀ ਬਣਾਈ ਜਾ ਸਕੇ। ਸਵਾਰੀਆਂ/ਡਰਾਇਵਰ ਵੱਲੋਂ ਘਰੋਂ ਨਿਕਲਣ ਤੋਂ ਪਹਿਲਾਂ ਕੱਪੜੇ ਦਾ ਮਾਸਕ ਪਹਿਨਾ ਲਾਜ਼ਮੀ ਹੈ ਅਤੇ ਘਰ ਵਾਪਸੀ ਤੱਕ ਇਸਨੂੰ ਪਹਿਨ ਕੇ ਰੱਖਿਆ ਜਾਵੇ। ਪੂਰੇ ਸਫ਼ਰ ਦੌਰਾਨ ਮਾਸਕ ਪਹਿਨ ਕੇ ਰੱਖਿਆ ਜਾਣਾ ਜ਼ਰੂਰੀ ਹੈ।

ਡਰਾਇਵਰ ਅਤੇ ਸਵਾਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਇੱਕ ਦੂਜੇ ਨਾਲ ਹੱਥ ਨਾ ਮਿਲਾਉਣ ਅਤੇ ਨਾ ਹੀ ਗਲੇ ਮਿਲਣ। ਜਦੋਂ ਵੀ ਮੌਕਾ ਮਿਲੇ ਤਾਂ ਹੱਥਾਂ ਨੂੰ ਸਾਬਣ ਤੇ ਪਾਣੀ ਨਾਲ ਧੋਣਾ ਚਾਹੀਦਾ ਹੈ। ਸਵਾਰੀਆਂ/ਡਰਾਇਵਰ ਵੱਲੋਂ ਵਾਹਨ ਅੰਦਰ ਹੱਥ ਸਾਫ਼ ਕਰਨ ਲਈ ਅਲਕੋਹਲ ਯੁਕਤ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਚਾਹ ਤੇ ਲੰਚ ਦੌਰਾਨ ਕਿਸੇ ਵੀ ਖਾਣ-ਪੀਣ ਦੀ ਵਸਤੂ ਨੂੰ ਛੂਹਣ ਤੋਂ ਪਹਿਲਾਂ ਡਰਾਈਵਰ ਤੇ ਸਵਾਰੀਆਂ ਹੱਥਾਂ ਨੂੰ ਨਿਯਮਿਤ ਤਰੀਕੇ ਨਾਲ ਧੋਣ/ਸੈਨੀਟਾਈਜ਼ ਕਰਨ।

ਇਕ ਅਹਿਮ ਸਲਾਹ ਇਹ ਹੈ ਕਿ ਵਾਹਨ ਵਿੱਚ ਇੱਕ ਖਿੜਕੀ ਖੁੱਲ੍ਹੀ ਰੱਖ ਕੇ ਏਅਰ ਕੰਡੀਸ਼ਨਰ ਦੀ ਵਰਤੋਂ ਕੀਤੀ ਜਾਵੇ ਤਾਂ ਜੋ

ਉਪਯੁਕਤ ਬਾਹਰੀ ਹਵਾ ਦੇ ਬਹਾਵ ਨੂੰ ਯਕੀਨੀ ਬਣਾਇਆ ਜਾ ਸਕੇ। ਸਫਰ/ਠਹਿਰਾਅ ਦੌਰਾਨ ਸਿਗਰਟਨੋਸ਼ੀ ਜਾਂ ਤੰਬਾਕੂ ਆਧਾਰਿਤ ਚੀਜ਼ਾਂ ਜਿਵੇਂ ਕਿ ਗੁਟਕਾ, ਪਾਨ ਮਸਾਲਾ ਆਦਿ ਦਾ ਸੇਵਨ ਨਾ ਕੀਤਾ ਜਾਵੇ। ਇਹ ਵਾਰ-ਵਾਰ ਦੱਸਿਆ ਜਾ ਰਿਹਾ ਹੈ ਕਿ ਜੇਕਰ ਕਿਸੇ ਨੂੰ ਵੀ ਖੰਘ/ਛਿੱਕਾਂ ਆ ਰਹੀਆਂ ਹਨ ਤਾਂ ਰੁਮਾਲ ਨਾਲ ਮੂੰਹ ਅਤੇ ਨੱਕ ਨੂੰ ਢੱਕਿਆ ਜਾਵੇ। ਜੇਕਰ ਉਸ ਕੋਲ ਰੁਮਾਲ ਨਹੀਂ ਹੈ ਤਾਂ ਮੂੰਹ ਅਤੇ ਨੱਕ ਨੂੰ ਆਪਣੀ ਕੂਹਣੀ ਨਾਲ ਢੱਕਣਾ ਚਾਹੀਦਾ ਹੈ। ਡਰਾਈਵਰ/ ਸਹਾਇਕ ਆਪਣੇ ਚਿਹਰੇ, ਮੂੰਹ, ਨੱਕ ਅਤੇ ਅੱਖਾਂ ਨੂੰ ਹੱਥਾਂ ਨਾਲ ਨਾ ਛੂਹਣ। ਖੁੱਲ੍ਹੇ ਵਿੱਚ ਥੁੱਕਣ ਤੋਂ ਬਚਿਆ ਜਾਵੇ।
ਇਹ ਬਹੁਤ ਜ਼ਰੂਰੀ ਹੈ ਕਿ ਡਰਾਇਵਰ ਤੇ ਸਵਾਰੀਆਂ ਵੱਲੋਂ ਇੰਟਰਸਿਟੀ ਬਾਰਡਰ ’ਤੇ ਉਪਲੱਬਧ ਥਰਮਲ ਟੈਂਪਰੇਚਰ ਸੈਂਸਰ ਰਾਹੀਂ ਸਕਰੀਨਿੰਗ ਕਰਵਾਈ ਜਾਵੇ। ਜ਼ਿਕਰਯੋਗ ਹੈ ਕਿ ਮਨੁੱਖੀ ਸਰੀਰ ਦਾ ਆਮ ਤਾਪਮਾਨ 97.7 ਤੋਂ 99.5 ਡਿਗਰੀ ਫਾਰਨਹਾਈਟ ਜਾਂ 36.5 ਤੋਂ 37.5 ਡਿਗਰੀ ਸੈਂਟੀਗ੍ਰੇਡ ਹੁੰਦਾ ਹੈ। ਅੰਤਰ-ਰਾਜੀ, ਅੰਤਰ-ਸ਼ਹਿਰ ਦੇ ਚੈੱਕ ਪੁਆਇੰਟ ’ਤੇ ਸਾਰੇ ਵਿਅਕਤੀਆਂ ਵੱਲੋਂ ਸਫਰ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇ ਅਤੇ ਇਹ ਵੀ ਦੱਸਿਆ ਜਾਵੇ ਕਿ ਪਿੱਛਲੇ 14 ਦਿਨ ਦੌਰਾਨ ਉਹ ਕਿਸੇ ਕੰਟੇਨਮੈਂਟ ਜ਼ੋਨ ਵਿੱਚ ਤਾਂ ਨਹੀਂ ਗਏ। ਥਰਮਲ ਸਕਰੀਨਿੰਗ ਤੋਂ ਬਾਅਦ ਸਿਰਫ਼ ਬਿਨਾਂ ਲੱਛਣਾਂ ਵਾਲੇ ਲੋਕਾਂ ਨੂੰ ਅੱਗੇ ਜਾਣ ਦਿੱਤਾ ਜਾਵੇਗਾ ਅਤੇ ਉਨ੍ਹਾਂ ਨੂੰ ਕਿਸੇ ਵੀ ਇਕਾਂਤਵਾਸ ਸੁਵਿਧਾ ਵਿੱਚ ਨਹੀਂ ਰੱਖਿਆ ਜਾਵੇਗਾ।
ਸਭ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕੋਵਿਡ-19 ਵਰਗੇ ਲੱਛਣਾਂ ਵਾਲੇ ਜਾਂ ਘਰ/ਸੁਵਿਧਾ ਵਿੱਚ ਇਕਾਂਤਵਾਸ ਵਾਲੇ ਕਿਸੇ ਵਿਅਕਤੀ ਨੂੰ ਨਾ ਮਿਲ ਅਤੇ ਨਾ ਗੱਲਬਾਤ ਕਰਨ। ਬਿਨਾਂ ਕਿਸੇ ਪੁਖ਼ਤਾ ਜਾਣਕਾਰੀ ਤੋਂ ਕੋਵਿਡ-19 ਦੇ ਬਾਰੇ ਗੱਲਾਂ/ਅਫ਼ਵਾਹਾਂ ਨਾ ਫੈਲਾਈਆਂ ਜਾਣ। ਸਹੀ ਅਤੇ ਪੁਖ਼ਤਾ ਜਾਣਕਾਰੀ ਅਤੇ ਆਪਣੀ ਸਿਹਤ ’ਤੇ ਲਗਾਤਾਰ ਨਿਗਰਾਨੀ ਰੱਖਣ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਕੋਵਾ ਐਪ (ਬਲੂਟੂਥ ਤੇ ਵਾਈਫਾਈ ਐਕਟੀਵੇਸ਼ਨ ਨਾਲ) ਹਰੇਕ ਵਿਅਕਤੀ ਡਾਊਨਲੋਡ ਕਰੇ। ਜੇਕਰ ਸਫਰ ਵੇਲੇ ਜਾਂ ਉਡੀਕ ਸਮੇਂ ਕਿਸੇ ਅਜਿਹੇ ਵਿਅਕਤੀ ਦੇ ਸੰਪਰਕ ਵਿੱਚ ਆਏ ਹੋ, ਜਿਸ ਨੂੰ ਕਿ ਕੋਵਿਡ-19 ਦੀ ਪੁਸ਼ਟੀ ਹੋਈ ਹੈ ਤਾਂ ਘਬਰਾਉਣ ਦੀ ਕੋਈ ਜ਼ਰੂਰਤ ਨਹੀਂ ਹੈ। ਇਸ ਦੇ ਸੰਬੰਧ ਵਿੱਚ ਹੈਲਪਲਾਈਨ ਨੰਬਰ 104 ਜਾਂ ਸਟੇਟ ਕੰਟਰੋਲ ਰੂਮ ਨੰਬਰ 0172-2920074 / 08872090029 ’ਤੇ ਕਾਲ ਕਰਕੇ ਸੰਪਰਕ ਵਿੱਚ ਆਉਣ ਦੇ ਪੂਰੇ ਘਟਨਾਕ੍ਰਮ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇ ਅਤੇ ਅਗਲੇਰੀ ਸਹਾਇਤਾ ਪ੍ਰਾਪਤ ਕੀਤੀ ਜਾਵੇ।
ਜੇਕਰ ਕਿਸੇ ਵਰਕਰ/ਮੁਲਾਜ਼ਮ ਵਿੱਚ ਕੋਰੋਨਾ ਵਾਇਰਸ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਇਮਪਲਾਇਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਹੈਲਪ ਲਾਈਨ ਨੰਬਰ 104 ਜਾਂ ਸਟੇਟ ਕੰਟਰੋਲ ਰੂਮ ਨੰਬਰ 0172-2920074 / 08872090029 ’ਤੇ ਕਾਲ ਕਰਕੇ ਪੀੜਤ ਵਰਕਰ/ਮੁਲਾਜ਼ਮ ਦੇ ਕੰਮ ’ਤੇ ਆਉਣ ਦੇ ਦਿਨਾਂ/ਸਮੇਂ ਬਾਰੇ ਅਤੇ ਉਸਦੇ ਸੰਪਰਕ ਵਿੱਚ ਆਏ ਹੋਰ ਸੰਭਾਵਿਤ ਲੋਕਾਂ ਬਾਰੇ ਤੁਰੰਤ ਵਿਸਥਾਰਪੂਰਵਕ ਜਾਣਕਾਰੀ ਦੇਣ। ਇਸ ਲਈ ਇਮਪਲਾਇਰ ਵੱਲੋਂ ਸਾਰੇ ਵਰਕਰਾਂ ਦੀ ਹਾਜ਼ਰੀ ਦਾ ਰੋਜ਼ਾਨਾ ਪੂਰਾ ਬਿਓਰਾ ਤਿਆਰ ਰੱਖਿਆ ਜਾਵੇ।

**ਪ੍ਰੈਸ ਨੋਟ-2**

**1/24354/2020**

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

ਸਹਿਕਾਰੀ ਸਭਾਵਾਂ ਨੇ 53 ਲੱਖ 24 ਹਜ਼ਾਰ ਰੁਪਏ ਦੇ

ਘਰੇਲੂ ਸਮਾਨ ਦੀ ਘਰਾਂ ਤੱਕ ਪਹੁੰਚਾਈ ਸਪਲਾਈ-ਸੁਭਦੀਪ ਕੌਰ

*ਵੇਰਕਾ ਨੇ 1159773 ਲੀਟਰ ਦੁੱਧ ਦੀ ਕਿਸਾਨਾਂ ਤੋਂ ਕੀਤੀ ਖ਼ਰੀਦ

* ਕੋਵਿਡ-19 ਦੌਰਾਨ ਮਾਰਕਫੈੱਡ ਵੱਲੋਂ ਘਰਾਂ ਤੱਕ ਸਪਲਾਈ ਪਹੰੁਚਾਉਣ ਲਈ 5 ਫੀਸਦੀ ਰੇਟਾਂ ਦੀ ਦਿੱਤੀ ਛੋਟ

ਫਾਜ਼ਿਲਕਾ, 13 ਮਈ:

ਡਿਪਟੀ ਕਮਿਸ਼ਨਰ ਸ਼੍ਰੀ ਅਰਵਿੰਦ ਪਾਲ ਸਿੰਘ ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਹਿਕਾਰੀ ਸਭਾਵਾਂ ਫਾਜਿਲਕਾ ਵਲੋਂ ਤਾਲਾਬੰਦੀ ਦੌਰਾਨ ਹੁਣ ਤੱਕ ਤਕਰੀਬਨ 17 ਲੱਖ 48 ਹਜ਼ਾਰ ਰੁਪਏ ਦਾ ਲੋੜੀਂਦਾ ਘਰੇਲੂ ਸਮਾਨ ਘਰ-ਘਰ ਪਹੁੰਚਾਇਆ ਗਿਆ। ਇਸ ਤੋਂ ਇਲਾਵਾ ਸਹਿਕਾਰਤਾ ਵਿਭਾਗ ਦੇ ਅਦਾਰੇ ਮਾਰਕਫੈੱਡ ਵੱਲੋਂ ਤਾਲਾਬੰਦੀ ਦੌਰਾਨ ਬਹੁਤਮੰਤਵੀ ਸਹਿਕਾਰੀ ਖੇਤੀਬਾੜੀ ਸਭਾਵਾਂ ਰਾਹੀ ਮੈਂਬਰਾਂ ਨੰੂ 53 ਲੱਖ 24 ਹਜ਼ਾਰ ਰੁਪਏ ਦੀ ਕੈਟਲ ਫੀਡ (ਪਸ਼ੂ ਚਾਰਾ) ਵੇਚਿਆ ਗਿਆ।

ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਸੁਭਦੀਪ ਕੌਰ ਬਰਾੜ ਨੇ ਦੱਸਿਆ ਕਿ ਕਰੋਨਾ ਵਾਇਰਸ ਦੀ ਮਹਾਂਮਾਰੀ ਦੇ ਮੱਦੇਨਜ਼ਰ ਸਹਿਕਾਰੀ ਸਭਾਵਾਂ ਵੱਲੋਂ ਜ਼ਿਲ੍ਹੇ ਦੇ ੇ ਲੋਕਾਂ ਨੂੰ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲਾ ਘਰੇਲੂ ਸਮਾਨ ਜਿਵੇਂ ਕਿ ਘਿਓ, ਆਟਾ, ਨਮਕ, ਦਾਲਾਂ, ਤੇਲ, ਖੰਡ ਆਦਿ ਘਰ-ਘਰ ਪਹੰੁਚਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸਭਾਵਾਂ ਨਾਲ ਜੁੜੇ ਹੋਏ ਮੈਂਬਰਾਂ ਨੂੰ ਖ਼ਾਦ ਵੀ ਮੁਹੱਈਆ ਕਰਵਾਈ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਵੇਰਕਾ ਵੱਲੋਂ ਸਹਿਕਾਰੀ ਦੁੱਧ ਉਦਪਾਦਕ ਸਭਾਵਾਂ ਜ਼ਿਲ੍ਹਾ ਫਾਜ਼ਿਲਕਾ ਰਾਹੀ ਤਾਲਾਬੰਦੀ ਦੌਰਾਨ 1159773 ਲੀਟਰ ਦੁੱਧ ਦੀ ਖਰੀਦ ਕਿਸਾਨਾਂ ਤੋਂ ਕੀਤੀ ਗਈ ਅਤੇ ਲੋਕਾਂ ਤੱਕ ਸੁਖਾਵੇਂ ਢੰਗ ਨਾਲ ਦੁੱਧ ਦੀ ਸਪਲਾਈ ਪਹੰੁਚਾਉਣ ਦੇ ਕੰਮ ਨੰੂ ਨੇਪਰੇ ਚੜ੍ਹਾਇਆ ਗਿਆ। ਉਨ੍ਹਾਂ ਦੱਸਿਆ ਮਾਰਕਫੈੱਡ ਵੱਲੋਂ ਸਹਿਕਾਰੀ ਸਭਾਵਾਂ ਦੇ ਮਾਧਿਅਮ ਨਾਲ ਉੱਦਮ ਕੁਆਲਟੀ ਦਾ ਸਮਾਨ ਕਿਸਾਨਾਂ ਦੇ ਘਰਾਂ ਤੱਕ ਪਹੰੁਚਾਇਆ ਗਿਆ। ਉਨ੍ਹਾਂ ਦੱਸਿਆ ਕਿ ਮਾਰਕਫੈੱਡ ਵੱਲੋਂ ਘਰਾਂ ਤੱਕ ਸਪਲਾਈ ਪਹੰੁਚਾਉਣ ਲਈ 5 ਫੀਸਦੀ ਰੇਟਾਂ ਦੀ ਛੋਟ ਵੀ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਤਾਲਾਬੰਦੀ ਦੌਰਾਨ ਰਾਜ ਸਰਕਾਰ ਦੀਆਂ ਹਦਾਇਤਾਂ ’ਤੇ ਸਹਿਕਾਰੀ ਖੰਡ ਮਿੱਲ ਬੋਦੀਵਾਲਾ ਵਾਲਾ ਪਿੱਥਾ ਵੱਲੋਂ 2 ਕਿਲੋਂ ਗ੍ਰਾਮ ਦੀ ਪੈਕਿੰਗ ਦੇ 1 ਲੱਖ 98 ਹਜ਼ਾਰ 600 ਪੈਕਟ, ਇਕ ਕਿਲੋ ਦੀ ਪੈਕਿੰਗ ਦੇ 10 ਹਜ਼ਾਰ ਪੈਕਟਾਂ ਦੀ ਸਪਲਾਈ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸਮੇਂ-ਸਮੇਂ ਜ਼ਿਲ੍ਹਾ ਪ੍ਰਸ਼ਾਸਨ, ਮਾਰਕਫੈੱਡ ਆਦਿ ਦੇ ਆਰਡਰ ਮਿਲਣ ਮੁਤਾਬਿਕ 1 ਕਿਲੋ ਤੋਂ 5 ਕਿਲੋਂ ਤੱਕ ਦੀ ਪੈਕਿੰਗ ਪ੍ਰਕਿਰਿਆ ਦਾ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਹਿਕਾਰੀ ਸਭਾਵਾਂ ਵੱਲੋਂ ਮੰਡੀਆਂ ਅੰਦਰ ਪਹੰੁਚ ਕਰਕੇ ਕਿਸਾਨਾਂ ਅਤੇ ਹੋਰਨਾਂ ਲੋਕਾਂ ਨੰੂ ਮਾਸਕ ਅਤੇ ਸੈਨੀਟਾਈਜ਼ਰ ਦੀ ਵੰਡ ਵੀ ਕੀਤੀ ਗਈ।

ਤਸਵੀਰਾਂ 1 ਤੋਂ 3

ਘਰ-ਘਰ ਰਾਸ਼ਨ ਅਤੇ ਸਮੱਗਰੀ ਦੀ ਸਪਲਾਈ ਕਰਦੇ ਹੋਏ ਮਾਰਕਫੈੱਡ ਦੇ ਨੁਮਾਇੰਦੇ

ਤਸਵੀਰਾਂ 4 ਤੋਂ 5

ਸਹਿਕਾਰੀ ਸਭਾਵਾਂ ਦੇ ਅਧਿਕਾਰੀ ਮੰਡੀਆਂ ਵਿੱਚ ਕਿਸਾਨਾਂ ਅਤੇ ਹੋਰਨਾਂ ਲੋਕਾਂ ਨੰੂ ਮਾਸਕ ਦੀ ਵੰਡ ਕਰਦੇ ਹੋਏ

## ਪ੍ਰੈਸ ਨੋਟ-3

**1/24370/2020**

ਸੂਚਨਾ ਤੇ ਜਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

ਜ਼ਿਲ੍ਹਾ ਪ੍ਰਸ਼ਾਸਨ ਨੇ ਸਰਕਾਰੀ ਦਫ਼ਤਰਾਂ ਦੇ ਕੰਮਾਂ ਨੂੰ ਸ਼ੋਸ਼ਲ ਡਿਸਟੈਸਿੰਗ

ਬਣਾ ਕੇ ਕਰਨ ਦੀ ਕੀਤੀ ਨਿਵੇਕਲੀ ਪਹਿਲ

*ਪ੍ਰਬੰਧਕੀ ਕੰਪਲੈਕਸ਼ ਦੇ ਬਾਹਰ ਸਵੇਰੇ 9.30 ਤੋਂ 11 ਵਜ੍ਹੇ ਤੱਕ ਆਮ ਲੋਕਾਂ ਦੇ

ਮਸਲਿਆਂ ਨੂੰ ਸੁਣ ਕੇ ਸਮਾਂਬੱਧ ਢੰਗ ਨਾਲ ਹਲ ਕੀਤਾ ਜਾਵੇਗਾ-ਸੰਧੂ

ਫਾਜ਼ਿਲਕਾ, 13 ਮਈ:

ਕੋਵਿਡ 19 ਦੀ ਮਹਾਂਮਾਰੀ ਦੇ ਮੱਦੇਨਜ਼ਰ ਆਮ ਲੋਕਾਂ ਦੇ ਸਰਕਾਰੀ ਦਫ਼ਤਰਾਂ ਨਾਲ ਜੁੜੇ ਰੋਜ਼ਾਨਾਂ ਦੇ ਕੰਮਾਂ ਨੂੰ ਸ਼ੋਸ਼ਲ ਡਿਸਟੈਸਿੰਗ ਰਾਹੀ ਪਾਰਦਰਸ਼ੀ ਅਤੇ ਸੁਖਾਵੇਂ ਮਾਹੌਲ 'ਚ ਨੇਪਰੇ ਚੜਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਫਾਜ਼ਿਲਕਾ ਨੇ ਇਕ ਨਿਵੇਕਲੀ ਪਹਿਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਅਰਵਿੰਦ ਪਾਲ ਸਿੰਘ ਸੰਧੂ ਨੇ ਦੱਸਿਆ ਕਿ ਪ੍ਰਬੰਧਕੀ ਕੰਪਲੈਕਸ਼ ਦੇ ਬਾਹਰ ਰੋਜ਼ਾਨਾ ਦਫ਼ਤਰੀ ਦਿਨਾਂ 'ਚ ਸਵੇਰੇ 9.30 ਤੋਂ 11 ਵਜ੍ਹੇ ਤੱਕ ਆਮ ਲੋਕਾਂ ਦੇ ਮਸਲਿਆਂ ਨੂੰ ਸੁਣ ਕੇ ਸਮਾਂਬੱਧ ਢੰਗ ਨਾਲ ਹਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਬਾਹਰ ਖੁੱਲੇ ਅਤੇ ਹਵਾਦਾਰ ਮਾਹੌਲ 'ਚ (ਸ਼ਾਮਿਆਣਾ) ਟੈਂਟ ਲਗਾ ਕੇ ਲੋਕਾਂ ਦੀ ਸੁਵਿਧਾ ਲਈ ਬਕਾਇਦਾ ਹੱਥ ਧੋਣ, ਬੈਠਣ ਅਤੇ ਪੀਣ ਵਾਲੇ ਪਾਣੀ, ਪੱਖੇਆਂ ਦੇ ਪ੍ਰਬੰਧ ਕੀਤੇ ਗਏ ਹਨ।

ਸ. ਸੰਧੂ ਨੇ ਦੱਸਿਆ ਕਿ ਡੀ.ਸੀ ਕੰਪਲੈਕਸ਼ ਅੰਦਰ ਸਥਿਤ ਹਰੇਕ ਦਫ਼ਤਰ ਤੇ ਮੁਖੀ ਨੂੰ ਸਮੇਂ ਨਾਲ ਲੋਕਾਂ ਦੇ ਦਫ਼ਤਰੀ ਕੰਮਾਂ ਨੂੰ ਸੁਣ ਕੇ ਹਲ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਹਰੇਕ ਵਿਭਾਗੀ ਅਧਿਕਾਰੀ ਰੋਜ਼ਾਨਾ ਬਾਹਰ ਬੈਠ ਕੇ ਆਪਣੇ ਦਫ਼ਤਰ ਨਾਲ ਸਬੰਧਤ ਕੰਮਾਂ ਨੂੰ ਕਰਨ ਲਈ ਜਿੰਮੇਵਾਰ ਹੋਵੇਗਾ। ਉਨ੍ਹਾਂ ਦੱਸਿਆ ਕਿ ਖੁੱਲੇ ਮਾਹੌਲ 'ਚ ਪਬਲਿਕ ਨੂੰ ਮਿਲਣ ਅਤੇ ਸੁਣਨ ਲਈ ਸੋਸ਼ਲ ਡਿਸਟੈਂਸ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਬਿਨ੍ਹਾਂ ਲੋੜ ਤੋਂ ਇਕੱਠ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਦੀ ਸੁਵਿਧਾ ਲਈ ਹਮੇਸ਼ਾ ਕਾਰਜ਼ਸੀਲ ਹੈ।

ਤਸਵੀਰਾਂ 2

**ਪ੍ਰੈਸ ਨੋਟ-4**

**1/24426/2020**

ਸੂਚਨਾ ਤੇ ਜਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

ਦੂਜੇ ਰਾਜਾਂ 'ਚ ਜਾਣ ਅਤੇ ਜ਼ਿਲ੍ਹੇ ਅੰਦਰ ਆਉਣ ਲਈ ਆਮ ਲੋਕ **www.covidhelp.punjab.gov.in** ਵੈਬਸਾਈਟ 'ਤੇ ਕਰ ਸਕਦੇ ਹਨ ਅਪਲਾਈ

* ਜਿਲ੍ਹੇ ਦੀਆਂ ਵੱਖ-ਵੱਖ ਸਬ ਡਵੀਜਨਾਂ 'ਚ ਸਵੇਰੇ 10 ਵਜ੍ਹੇ ਤੋਂ 1 ਵਜ੍ਹੇ ਤੱਕ ਰਜਿਸ਼ਟ੍ਰੇਸ਼ਨ

ਅਤੇ ਮੈਡੀਕਲ ਸਕਰੀਨਿੰਗ ਹੋਵੇਗੀ

ਫਾਜ਼ਿਲਕਾ, 13 ਮਈ:

ਜ਼ਿਲ੍ਹਾ ਫਾਜ਼ਿਲਕਾ ਤੋਂ ਦੂਜੇ ਰਾਜਾਂ 'ਚ ਜਾਣ ਅਤੇ ਜ਼ਿਲ੍ਹੇ ਅੰਦਰ ਆਉਣ ਲਈ ਆਮ ਲੋਕ **www.covidhelp.punjab.gov.in** ਵੈਬਸਾਈਟ 'ਤੇ ਅਪਲਾਈ ਕਰ ਸਕਦੇ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰ .ਅਰਵਿੰਦ ਪਾਲ ਸਿੰਘ ਸੰਧੂ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਵਾਸੀਆਂ ਦੀ ਸੁਵਿਧਾ ਲਈ ਹਰੇਕ ਸਬ ਡਵੀਜ਼ਨ ਪੱਧਰ 'ਤੇ ਆਨਲਾਈਨ ਰਜਿਸ਼ਟ੍ਰੇਸ਼ਨ ਕਰਵਾਉਣ ਵਾਲੇ ਵਿਅਕਤੀਆਂ ਦੀ ਸਕਰੀਨਿੰਗ ਲਈ ਥਾਵਾਂ ਨਿਸ਼ਚਿਤ ਕੀਤੀਆ ਹਨ, ਜਿੱਥੇ ਆਨਲਾਈਨ ਰਜਿਸ਼ਟ੍ਰੇਸ਼ਨ ਸੰਬੰਧੀ ਜਾਣਕਾਰੀ ਲਈ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਸਬ ਡਵੀਜ਼ਨ ਫਾਜ਼ਿਲਕਾ ਦੀ ਅਗਰਵਾਲ ਧਰਮਸ਼ਾਲਾ, ਅਬੋਹਰ ਦੇ ਸੈਲੀਬਰੇਸ਼ਨ ਰਿਸੋਰਟ ਅਤੇ ਜਲਾਲਾਬਾਦ ਦੇ ਬੀ.ਡੀ.ਪੀ.ਓ ਦਫ਼ਤਰ ਵਿਖੇ ਸਵੇਰੇ 10 ਵਜ੍ਹੇ ਤੋਂ 1 ਵਜ੍ਹੇ ਤੱਕ ਸਬੰਧਤ ਐਸ.ਡੀ.ਐਮ ਦੀ ਨਿਗਰਾਨੀ ਹੇਠ ਰਜਿਸ਼ਟ੍ਰੇਸ਼ਨ ਅਤੇ ਮੈਡੀਕਲ ਸਕਰੀਨਿੰਗ ਹੋਵੇਗੀ। ਉਨ੍ਹਾਂ ਦੱਸਿਆ ਕਿ ਨਿੱਜੀ ਵਾਹਨਾਂ ਰਾਹੀਂ ਆਉਣ-ਜਾਣ ਵਾਲੇ

ਵਿਅਕਤੀਆਂ ਲਈ ਵਧੀਕ ਡਿਪਟੀ ਕਮਿਸ਼ਨਰ ਡਾ. ਰੁਪਿੰਦਰ ਪਾਲ ਸਿੰਘ ਦੇ ਮੋਬਾਈਲ ਨੰਬਰ 89683-22477 ਅਤੇ ਸਰਕਾਰੀ ਵਾਹਨਾਂ (ਟਰੇਨ ਤੇ ਬਸ) ਰਾਹੀਂ ਆਉਣ-ਜਾਣ ਵਾਲੇ ਵਿਅਕਤੀਆਂ ਲਈ ਸਹਾਇਕ ਕਮਿਸ਼ਨਰ ਪੂਨਮ ਸਿੰਘ ਦੇ ਮੋਬਾਈਲ ਨੰਬਰ 98787-07249 ਨਾਲ ਰਾਬਤਾ ਕੀਤਾ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਸਬ ਡਵੀਜ਼ਨ ਫ਼ਾਜ਼ਿਲਕਾ ਦੀ ਰਜਿਸਟਰੇਸ਼ਨ ਅਤੇ ਮੈਡੀਕਲ ਸਕਰੀਨਿੰਗ ਲਈ ਐਸ.ਡੀ.ਐਮ. ਫ਼ਾਜਿਲਕਾ ਸ੍ਰੀ ਸੁਭਾਸ਼ ਖਟਕ ਦੇ ਮੋਬਾਇਲ ਨੰਬਰ 96462-40089, ਸਬ ਡਵੀਜਨ ਅਬੋਹਰ ਲਈ ਐਸ.ਡੀ.ਐਮ. ਜਸਪਾਲ ਸਿੰਘ ਬਰਾੜ ਦੇ ਮੋਬਾਇਲ ਨੰਬਰ 98154-01115 ਅਤੇ ਸਬ ਡਵੀਜਨ ਜਲਾਲਾਬਾਦ ਲਈ ਐਸ.ਡੀ.ਐਮ. ਕੇਸ਼ਵ ਗੋਇਲ ਦੇ ਮੋਬਾਇਲ ਨੰਬਰ 99140-76661 ਨਾਲ ਰਾਬਤਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਮੂਹ ਐਸ.ਡੀ.ਐਮਜ਼ ਰਜਿਸਟਰਡ ਕੀਤੇ ਵਿਅਕਤੀਆਂ ਦਾ ਮੁਕੰਮਲ ਰਿਕਾਰਡ ਰੱਖਣਾ ਯਕੀਨੀ ਬਣਾਉਣਗੇ।

**ਪ੍ਰੈਸ ਨੋਟ-5**

**1/24451/2020**

ਸੂਚਨਾ ਤੇ ਜਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

ਵਿਧਾਇਕ ਵੱਲੋਂ ਕੋਰੋਨਾ ਪਾਜ਼ਿਟਿਵ ਮਰੀਜ਼ਾਂ ਨੰੂ ਆਯੂਰਵੈਦਿਕ ਦਵਾਈ ਮੁਹੱਈਆ ਕਰਵਾਈ

*ਕੋਰੋਨਾ ਪਾਜ਼ੀਟਿਵ ਮਰੀਜ਼ਾਂ ਦੀ ਹਮਿਊਨਟੀ 'ਚ ਵਾਧਾ ਕਰਨ ਲਈ ਸਹਾਈ ਹੋਵੇਗੀ

ਆਯੂਰਵੈਦਿਕ ਦਵਾਈ-ਰਮਿੰਦਰ ਆਂਵਲਾ

ਜਲਾਲਾਬਾਦ/ਫਾਜ਼ਿਲਕਾ, 13 ਮਈ:

ਕੋਰੋਨਾ ਵਾਇਰਸ ਦੇ ਸੰਕਟ 'ਚ ਜਿੱਥੇ ਵਿਧਾਇਕ ਰਮਿੰਦਰ ਆਵਲਾ ਨੇ ਲੋੜਵੰਦਾਂ ਦੀ ਮੱਦਦ ਲਈ ਹਮੇਸਾਂ ਅੱਗੇ ਹੋ ਕੇ ਕੰਮ ਕੀਤਾ ਹੈ, ਉਥੇ ਹੀ ਸਿਹਤ ਵਿਭਾਗ 'ਚ ਕੰਮ ਕਰਦੇ ਮੁਲਾਜਮਾਂ ਅਤੇ ਪੁਲਸ ਵਿਭਾਗ 'ਚ ਕੰਮ ਕਰਦੇ ਕੋਰੋਨਾ ਵੋਰੀਅਰ ਲਈ ਵੀ ਵਿਧਾਇਕ ਰਮਿੰਦਰ ਆਵਲਾ ਨੇ ਨਿੱਜੀ ਖਰਚੇ 'ਚ ਸੇਫਟੀ ਕਿੱਟਾਂ ਅਤੇ ਹੋਰ ਲੋੜੀਦਾ ਸਮਾਨ ਮੁਹੱਈਆ ਕਰਵਾਉਣ 'ਚ ਕੋਈ ਵੀ ਕਸਰ ਬਾਕੀ ਨਹੀ ਛੱਡੀ।

ਵਿਧਾਇਕ ਰਮਿੰਦਰ ਆਵਲਾ ਨੇ ਕੋਰੋਨਾਂ ਪਾਜ਼ੀਟਿਵ ਮਰੀਜਾਂ ਲਈ ਨਿਵੇਕਲੀ ਪਹਿਲ ਕਦਮੀ ਕਰਦੇ ਹੋਏ ਦਿੱਲੀ ਤੋਂ ਸਪੈਸਲ ਆਯੂਰਵੈਦਿਕ ਦਵਾਈ ਮੰਗਵਾਈ ਹੈ ਜੋ ਇਹਨਾਂ ਮਰੀਜਾਂ ਦੇ ਅੰਦਰ ਹਮਿਊਨਟੀ 'ਚ ਵਾਧਾ ਕਰੇਗੀ। ਅੱਜ ਇਹ ਆਯੂਰਵੈਦਿਕ ਦਵਾਈ ਵਿਧਾਇਕ ਰਮਿੰਦਰ ਆਵਲਾ ਨੇ ਸਥਾਨਕ ਜਲਾਲਾਬਾਦ ਸਿਵਲ ਹਸਪਤਾਲ ਸਟਾਫ ਨੂੰ ਸੌਂਪੀ। ਇਸ ਮੌਕੇ ਵਿਧਾਇਕ ਰਮਿੰਦਰ ਆਵਲਾ ਨੇ ਹਸਪਤਾਲ 'ਚ ਚੈਕਅਪ ਲਈ ਪਹੁੰਚੇ ਮਰੀਜਾਂ ਦਾ ਹਾਲ-ਚਾਲ ਪੁੱਛਿਆ।

ਵਿਧਾਇਕ ਰਮਿੰਦਰ ਆਵਲਾ ਨੇ ਕਿਹਾ ਕਿ ਭਾਰਤ 'ਚ ਪ੍ਰਾਚੀਨ ਕਾਲ ਤੋਂ ਆਯੂਰਵੈਦ ਨਾਲ ਇਲਾਜ ਹੁੰਦਾ ਰਿਹਾ ਹੈ ਅਤੇ ਦਿੱਲੀ 'ਚ ਸੈਕੜੇ ਸਾਲਾਂ ਤੋਂ ਜੜੀ-ਬੂਟੀਆਂ ਦੀ ਮਹੱਤਤਾ ਨੂੰ ਸਮਝਕੇ ਉਨ੍ਹਾਂ ਨੂੰ ਮਨੁੱਖੀ ਜੀਵਨ ਲਈ ਉਪਯੋਗ ਵਿੱਚ ਲਿਆਉਣ ਵਾਲੇ ਡਾਕਟਰਾਂ ਨਾਲ ਤਾਲ ਮੇਲ ਕੀਤਾ ਗਿਆ ਸੀ ਅਤੇ ਜੋ ਇਹ ਆਯੁਰਵੈਦਿਕ ਦਵਾਈ ਮੰਗਵਾਈ ਗਈ ਹੈ ਇਸ ਨਾਲ ਕੋਰੋਨਾ ਪਾਜ਼ੀਟਿਵ ਮਰੀਜਾਂ 'ਚ ਰੋਗ ਪ੍ਰਤੀ ਰੋਗ ਦੀ ਸਮਰੱਥਾ ਵੱਧਦੀ ਹੈ ਅਤੇ ਇਸ ਦੇ ਪ੍ਰਯੋਗ ਨੂੰ ਲੈ ਕੇ ਸਮਾਬੱਧ ਸੂਚੀ ਵੀ ਡਾਕਟਰਾਂ ਨੂੰ ਸੌਂਪੀ ਗਈ ਜਿਸ 'ਚ ਦਰਸਾਇਆ ਗਿਆ ਹੈ ਕਿਸ ਤਰ੍ਹਾਂ ਮਰੀਜ ਨੂੰ ਇਹ ਦਵਾਈ ਦਿੱਤੀ ਜਾਣੀ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਦੇ ਮਰੀਜਾਂ ਲਈ ਜੋ ਵੀ ਸੰਭਵ ਸਹਾਇਤਾ ਹੋ ਸਕੇਗੀ ਉਨ੍ਹਾਂ ਵਲੋਂ ਕੀਤੀ ਜਾਵੇਗੀ। ਵਿਧਾਇਕ ਰਮਿੰਦਰ ਆਵਲਾ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਰਾਸਨ ਦੀ ਵੰਡ ਪ੍ਰਣਾਲੀ ਦੇ ਕੰਮ ਨੰੂ ਬਹੁਤ ਹੀ ਸੁਚੱਜੇ ਢੰਗ ਨਾਲ ਲੋਕਾਂ ਤੱਕ ਪਹੰੁਚਾਇਆ

ਗਿਆ ਹੈ।

ਇਸ ਮੌਕੇ ਉਨ੍ਹਾਂ ਨਾਲ ਬਾਰ ਐਸੋਸੀਏਸਨ ਦੇ ਪ੍ਰਧਾਨ ਸਕੇਤ ਬਜਾਜ, ਹਰੀਸ ਸੇਤੀਆ, ਕਾਕਾ ਕੰਬੋਜ, ਨੀਲਾ ਮਦਾਨ, ਸੋਨੂੰ ਦਰਗਨ, ਨਿੱਜੀ ਸਕੱਤਰ ਅਨੂਪ ਸਰਮਾ, ਅਮ੍ਰਿਤਪਾਲ, ਡਾ. ਅੰਕੁਰ ਉੱਪਲ, ਡਾ. ਗੁਰਪ੍ਰੀਤ ਸਿੰਘ, ਡਾ. ਵੀਰਮ ਬਾਲਾ, ਡਾ. ਐਚ.ਐਸ.ਬਾਵਾ, ਰਮੇਸ ਲਾਡੀ ਮੌਜੂਦ ਸਨ।

ਤਸਵੀਰ

ਵਿਧਾਇਕ ਰਮਿੰਦਰ ਆਵਲਾ ਸਿਵਲ ਹਸਪਤਾਲ ਦੇ ਡਾਕਟਰਾਂ ਨੂੰ ਕੋਰੋਨਾ ਪਾਜ਼ੀਟਿਵ ਮਰੀਜਾਂ ਲਈ ਆਯੂਰਵੈਦਿਕ ਦਵਾਈਆਂ ਸੌਂਪਦੇ ਹੋਏ।